

## ਨੌਵੀਂ ਨਾਟਕ ਫੇਰੀ

ਗੁਰਸ਼ਰਨ ਸਿੰਘ

# ਸਭ ਕਿਛੁ ਹੋਤ ਉਪਾਇ

ਸਿੱਖ ਗੁਰੂ ਸਾਹਿਬਾਨ ਨੂੰ ਵਿਸ਼ਾ ਬਣਾ ਕੇ ਅਤੇ ਉਨ੍ਹਾਂ ਦੀ ਬਾਣੀ ਨੂੰ ਨਾਇਕ ਬਣਾ ਕੇ ਇਹ ਪਹਿਲਾ ਨਾਟਕ ਹੈ ਜੋ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵਲੋਂ ਜਨਵਰੀ 1967 ਵਿਚ ਖੇਡਿਆ ਗਿਆ। ਇਸ ਨੂੰ ਪ੍ਰੋ. ਗੁਰਦਿਆਲ ਸਿੰਘ ਫੁੱਲ ਹੋਰਾਂ ਨੇ ਲਿਖਿਆ ਹੈ ਜੋ ਕਿ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਪੰਜਾਬੀ ਦੇ ਅਧਿਆਪਕ ਹਨ। ਇਹ ਨਾਟਕ ਗੁਰੂ ਗੋਬਿੰਦ ਸਿੰਘ ਜੀ ਦੇ ਤਿੰਨ ਸੌ ਸਾਲਾ ਜਨਮ ਉਤਸਵ 'ਤੇ ਲਿਖਿਆ ਗਿਆ ਹੈ।

ਸਿੱਖ ਇਤਿਹਾਸ 'ਤੇ ਨਾਟਕ ਲਿਖਣਾ ਅਤੇ ਖੇਡਣਾ ਕਾਫੀ ਵਾਦਵਿਵਾਦ ਦਾ ਵਿਸ਼ਾ ਰਿਹਾ ਹੈ। ਮਰਿਆਦਾ ਦੇ ਅਨੁਸਾਰ ਗੁਰੂ ਸਾਹਿਬ ਜਾਂ ਉਨ੍ਹਾਂ ਦੇ ਨੇੜੇ ਦਾ ਕੋਈ ਸਬੰਧੀ ਜਾਂ ਕੋਈ ਵੀ ਸਨਮਾਨਵਾਦੀ ਇਤਿਹਾਸਕ ਸ਼ਖਸੀਅਤ ਨੂੰ ਸਟੇਜ 'ਤੇ ਨਹੀਂ ਲਿਆਇਆ ਜਾ ਸਕਦਾ। ਜੇ ਉਨ੍ਹਾਂ ਨੂੰ ਸਟੇਜ 'ਤੇ ਨਹੀਂ ਲਿਆਇਆ ਜਾ ਸਕਦਾ ਤਾਂ ਫੇਰ ਨਾਟਕ ਕਿਸ ਤਰ੍ਹਾਂ ਸੰਭਵ ਹੈ? ਪ੍ਰੋ। ਗੁਰਦਿਆਲ ਸਿੰਘ ਫੁੱਲ ਹੋਰਾਂ ਨੇ ਇਹ ਜੁਗਤੀ ਵਰਤੀ ਹੈ ਕਿ ਬਾਣੀ ਨੂੰ ਨਾਇਕ ਬਣਾ ਕੇ ਨਾਟਕ ਉਸਾਰਿਆ ਹੈ। 'ਸਭ ਕਿਛੁ ਹੋਤ ਉਪਾਇ' ਬਾਰੇ ਸਾਹਿਤ ਦੇ ਵਿਦਵਾਨ ਪ੍ਰੋ. ਦੀਵਾਨ ਸਿੰਘ ਹੋਰਾਂ ਨੇ ਆਪਣੀ ਇਕ ਰਾਏ ਦਿੱਤੀ ਹੈ ਜੋ ਕਿ ਇਸ ਨਾਟਕ ਦੀ ਇਤਿਹਾਸਕ ਕੀਮਤ ਪਾਉਂਦੀ ਹੈ:

"ਸਭ ਕਿਛੁ ਹੋਤ ਉਪਾਇ ਇਕ ਨਵਾਂ ਸਾਹਿਤਕ ਤਜਰਬਾ ਹੈ। ਨਾਟਕ ਸਿਰਜਣਾ ਦੇ ਰਾਹ 'ਤੇ ਇਕ ਨਵਾਂ ਮੀਲ ਪੱਥਰ। ਜਿਤਨਾ ਇਸ ਦਾ ਵਿਸ਼ਾ ਮਹਾਨ ਹੈ, ਉਤਨਾ ਹੀ ਇਸ ਦਾ ਕਲਾ-ਪੱਖ ਤੇ ਤਕਨੀਕੀ ਬਣਤਰ ਔਕੜ ਉਪਜਾਊ ਹਨ। ਧਾਰਮਕ ਸ਼ਰਧਾ ਦੀ ਨਜ਼ਾਕਤ ਕਦਮ ਕਦਮ 'ਤੇ ਲੇਖਕ ਨੂੰ ਸੁਚੇਤ ਕਰਨ ਵਾਲੀ ਹੈ। ਦਸਮ ਗੁਰੂ ਜੀ ਦੀ ਮਹਾਨ ਸ਼ਖਸੀਅਤ ਦਾ ਰੰਗ ਢੰਗ, ਨੁਹਾਰ ਤੇ ਆਕਾਰ, ਰੰਗ ਮੰਚ ਉਤੇ ਦਿਖਾਉਣਾ ਤਾਂ ਕਿਧਰੇ ਰਿਹਾ, ਇਸ ਦਾ ਝਲਕ-ਮਾਤਰ ਪਰਗਟਾਅ ਵੀ ਸਟੇਜ ਉਤੇ ਸੰਭਵ ਨਹੀਂ। ਲੋਕ ਕਲਪਨਾ ਵੀ ਏਨੀ ਸੂਖਮਤਾ ਕਰਨ ਦੇ ਸਮਰੱਥ ਨਹੀਂ ਹੋ ਸਕਦੀ। ਇਸ ਲਈ ਲੇਖਕ ਪ੍ਰੋ. ਗੁਰਦਿਆਲ ਸਿੰਘ ਫੁੱਲ ਨੇ ਆਪਣੇ ਲੰਮੇ ਨਾਟਕੀ ਤਜਰਬੇ ਦੇ ਆਧਾਰ 'ਤੇ ਗੁਰੂ ਜੀ ਦੀ ਸ਼ਖਸੀਅਤ ਅਤੇ ਮਹਾਨਤਾ ਦਾ ਡੂੰਘਾ ਪ੍ਰਭਾਵ ਦੂਰੋਂ ਖਿੱਚਦੇ ਅਤੇ ਸੁਝਾਉਂਦੇ ਹੋਏ ਕੁਝ ਯਥਾਰਥਕ ਵਿਚਾਰ ਚਿੱਤਰਾਂ ਰਾਹੀਂ ਮੂਰਤੀਮਾਨ ਕਰ ਕੇ ਅਸੰਭਵ ਨੂੰ ਸੰਭਵ ਕਰਨ ਦਾ ਇਕ ਨਿੱਗਰ ਜਤਨ ਕੀਤਾ ਹੈ। ਇਹੋ ਇਸ ਧਾਰਮਿਕ ਆਸ਼ੇ ਦੇ ਪਹਿਲੇ ਸਫਲ ਨਾਟਕ ਦੀ ਵੱਡੀ ਪ੍ਰਾਪਤੀ ਹੈ।"

'ਸਭ ਕਿਛੁ ਹੋਤ ਉਪਾਇ' ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਦੀ ਪੰਜਾਬ ਦੀ ਸਮਾਜਿਕ ਅਤੇ ਰਾਜਨੀਤਕ ਹਾਲਤ ਨੂੰ ਪੇਸ਼ ਕਰਦਾ ਹੈ। ਮੁਗਲ ਰਾਜ ਦੇ ਔਰੰਗਜ਼ੇਬ ਦੌਰ ਵਿਚ ਇਕ ਧਾਰਮਿਕ ਕਿਸਮ ਦੀ ਦਹਿਸ਼ਤ ਹੈ ਜਦੋਂ ਕਿ ਇਸਲਾਮੀ ਧਾਰਮਿਕ ਅਕੀਦੇ ਵਾਲੇ ਹੀ ਸਨਮਾਨ ਨਾਲ ਜੀ ਸਕਦੇ ਹਨ। ਹਿੰਦੂ ਧਰਮ ਵਾਲਿਆਂ ਨੂੰ ਥਾਂ ਥਾਂ 'ਤੇ ਅਪਮਾਨਤ ਕੀਤਾ ਜਾਂਦਾ ਹੈ। ਉਸ ਵੇਲੇ ਆਨੰਦਪੁਰ ਸਾਹਿਬ ਇਕ ਐਸਾ ਕੇਂਦਰ ਹੋਂਦ ਵਿਚ ਆਉਂਦਾ ਹੈ ਜੋ ਕਿ ਹਰ ਕਿਸਮ ਦੇ ਜਬਰ ਦੇ ਵਿਰੁੱਧ ਸੰਘਰਸ਼ ਦਾ ਚਿੰਨ੍ਹ ਹੈ। ਨਾਟਕ ਵਿਚ ਇਹ ਜੁਗਤੀ ਵਰਤੀ ਗਈ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਹਾਜ਼ਰੀ ਇਕ ਤੰਬੂ ਵਿਚ ਸਥਾਪਤ ਹੁੰਦੀ ਹੈ। ਗੁਰੂ ਦਾ ਇਕ ਸਿੰਘ, ਜੋ ਇਸ ਤੰਬੂ ਦੇ ਬਾਹਰ ਪਹਿਰੇਦਾਰ ਹੈ, ਉਹ ਗੁਰੂ ਸਾਹਿਬ ਦੇ ਬਾਗੀ ਫਲਸਫੇ ਦਾ ਬੁਲਾਰਾ ਬਣ ਕੇ ਨਿਬੜਦਾ ਹੈ। ਮੁਗਲ ਹਾਕਮਾਂ ਨੂੰ ਵੀ ਇਹ ਅਹਿਸਾਸ ਹੋ ਗਿਆ ਹੈ ਕਿ ਆਨੰਦਪੁਰ ਸਾਹਿਬ ਇਕ ਬਾਗੀਆਂ ਦਾ ਕੇਂਦਰ ਹੋਂਦ ਵਿਚ ਆ ਰਿਹਾ ਹੈ। ਇਸ ਲਈ ਉਨ੍ਹਾਂ ਆਨੰਦਪੁਰ ਸਾਹਿਬ ਜਾਣ ਦੇ ਸਾਰੇ ਰਸਤਿਆਂ ਉਤੇ ਨਾਕਾਬੰਦੀ ਕੀਤੀ ਹੋਈ ਹੈ। ਨਾਟਕ ਦਾ ਕਾਰਜ ਵੀ ਦੋ ਥਾਵਾਂ 'ਤੇ ਹੁੰਦਾ ਹੈ। ਇਕ ਆਨੰਦਪੁਰ ਸਾਹਿਬ ਅਤੇ ਇਕ ਆਨੰਦਪੁਰ ਸਾਹਿਬ ਜਾਂਦੇ ਰਾਹ ਉਤੇ ਨਾਕਾਬੰਦੀ ਦੀ ਚੌਕੀ 'ਤੇ। ਨਾਕਾਬੰਦੀ ਵਾਲੀ ਚੌਕੀ ਜਬਰ ਦਾ ਕੇਂਦਰ ਹੈ ਜਿਥੇ ਇਕ ਜਾਬਰ ਫੌਜਦਾਰ ਆਨੰਦਪੁਰ ਸਾਹਿਬ ਜਾਣ ਵਾਲਿਆਂ 'ਤੇ ਜਬਰ ਕਰ ਰਿਹਾ ਹੈ। ਨਿਹੱਥੇ ਲੋਕ ਜਬਰ ਦੇ ਅੱਗੇ ਬੇਵੱਸ ਹਨ। ਉਹ ਜ਼ਾਲਮਾਂ ਅੱਗੇ ਹਾੜ੍ਹੇ ਕੱਢਦੇ ਹਨ ਪਰ ਜ਼ਾਲਮ ਕਦੋਂ ਸੁਣਦੇ ਹਨ? ਬਾਣੀ ਦੀ ਇਹ ਤੁੱਕ ਬੇਵੱਸੀ ਦੇ ਇਸ ਵਾਤਾਵਰਨ ਨੂੰ ਉਸਾਰਦੀ ਹੈ:'ਬਲ ਛੁਟਕਿਉ ਬੰਧਨ ਪਰੇ, ਕਛੂ ਨਾ ਹੋਤ ਉਪਾਇ।' ਇਸ ਬੇਵੱਸੀ ਦੀ ਹਾਲਤ ਵਿਚ ਇਕ ਆਸ ਦੀ ਕਿਰਨ ਹੈ, ਜਦੋਂ ਇਕ ਵਿਅਕਤੀ ਰਾਮ ਦਿਆਲ ਜਿਹੜਾ ਆਨੰਦਪੁਰ ਸਾਹਿਬ ਤੋਂ ਵਾਪਸ ਆ ਰਿਹਾ ਹੈ, ਉਹ ਜਨੇਊ ਲਾਹੁਣ ਲਈ ਤਿਆਰ ਨਹੀਂ ਹੁੰਦਾ ਅਤੇ ਜ਼ਾਲਮਾਂ ਦੇ ਹੱਥੋਂ ਸ਼ਹਾਦਤ ਪਾ ਜਾਂਦਾ ਹੈ। ਉਹਦੀਆਂ ਅੱਖਾਂ ਵਿਚ ਮਰਦੇ ਦਮ ਤਕ ਚਮਕ ਰਹਿੰਦੀ ਹੈ। ਉਹਦੇ ਚਿਹਰੇ 'ਤੇ ਜਲਾਲ ਹੈ, ਕਿਉਂਕਿ ਉਹਦੇ ਕੰਨਾਂ ਵਿਚ ਮਧੁਰ ਸੰਗੀਤ ਵਿਚ ਪਿੱਛੋਂ ਆ ਰਹੀ ਆਵਾਜ਼ ਵਿਚ ਇਹ ਸ਼ਬਦ ਗੂੰਜ ਰਹੇ ਹਨ: "ਸੂਰਾ ਸੋ ਪਹਿਚਾਨੀਏ ਜੋ ਲੜੇ ਦੀਨ ਕੇ ਹੇਤ, ਪੁਰਜ਼ਾ ਪੁਰਜ਼ਾ ਕਟ ਮਰੇ, ਕਬਹੁੰ ਨਾ ਛਾਡੈ ਖੇਤ।"

ਦੂਜੀ ਥਾਂ 'ਤੇ ਜਿਹੜਾ ਨਾਟਕ ਵਾਪਰ ਰਿਹਾ ਹੈ ਉਹ ਸਿੰਘ ਪਹਿਰੇਦਾਰ ਦੀ ਜ਼ਬਾਨੀ ਗੁਰੂ ਦੇ ਫਲਸਫੇ ਦੀ ਵਿਆਖਿਆ ਹੁੰਦੀ ਹੈ। ਦੋ ਜੋਗੀ ਆਉਂਦੇ ਹਨ। ਉਹ ਸਵਾਲ ਕਰਦੇ ਹਨ: ਜੋਗੀ ਤੋ ਤਿਆਗੀ ਹੀ ਹੋ ਸਕਤਾ ਹੈ। ਐਸੀ ਸ਼ਾਨ ਸ਼ੌਕਤ ਵਾਲਾ ਨਹੀਂ... ਅਪਨੇ ਆਪ ਕੋ ਜੋਗੀ ਵੀ ਕਹਾਤੇ ਹੈਂ, ਔਰ ਕਲਗੀ ਵੀ ਸਜਾਤੇ ਹੈਂ...। ਜਵਾਬ ਮਿਲਦਾ ਹੈ: ਭਲੇ ਲੋਕੋ, ਮੇਰੇ ਗੁਰੂ ਲੋਕਾਂ ਦੇ ਜੋਗੀ ਨੇ, ਧਰਤੀ ਦੇ ਬੰਦਿਆਂ ਦੇ ਜੋਗੀ ਨੇ, ਕੰਦਰਾਂ ਤੇ ਪਹਾੜਾਂ ਦੇ ਜੋਗੀ ਨਹੀਂ...। ਫਿਰ ਸਵਾਲ ਹੁੰਦਾ ਹੈ: ਕਾਮ ਔਰ ਅੰਨ ਤੋ ਅਪਵਿੱਤਰ ਕਰਤੇ ਹੈਂ ਦੇਹੀ ਕੋ...। ਤੇ ਜਵਾਬ ਮਿਲਦਾ ਹੈ: ਮੇਰੇ ਗੁਰੂ ਕਿਰਤ ਨੂੰ ਯੋਗ ਕਹਿੰਦੇ ਹਨ, ਜਿਹੜੇ ਹੱਥ ਕਿਰਤ ਨਹੀਂ ਕਰਦੇ ਉਨ੍ਹਾਂ ਅਨੁਸਾਰ ਉਹ ਝੂਠੇ ਹਨ। ਜਦੋਂ ਲੰਗਰ ਵਿਚ ਪ੍ਰਸ਼ਾਦ ਛਕਣ ਦੀ ਗੱਲ ਹੁੰਦੀ ਹੈ ਤਾਂ ਜੋਗੀ ਸਾਰਿਆਂ ਵਿਚ ਬੈਠ ਕੇ ਖਾਣ 'ਤੇ ਹਿਚਕਚਾਹਟ ਕਰਦੇ ਹਨ ਤਾਂ ਜਵਾਬ ਇਹੀ ਹੈ: ਲੰਗਰ, ਸੰਗਤ ਦੇ ਨਾਲ ਹੀ ਪੰਗਤ ਵਿਚ ਬੈਠ ਕੇ ਖਾਇਆ ਜਾ ਸਕਦਾ ਹੈ।

ਦੋ ਗੁਰੂ ਦੇ ਸਿੱਖ ਗੁਰੂ ਦੇ ਅੱਗੇ ਫਰਿਆਦ ਕਰਨਾ ਚਾਹੁੰਦੇ ਹਨ। ਉਹ ਸਭ ਕੁਝ ਲੁਟ ਲੁਟਾ ਕੇ ਆਉਂਦੇ ਹਨ। ਅਤਿਆਚਾਰੀਆਂ ਨੇ ਉਨ੍ਹਾਂ ਦੇ ਸ਼ਸਤਰ ਖੋਹ ਲਏ ਹਨ। ਉਨ੍ਹਾਂ ਦੀਆਂ ਧੀਆਂ ਉਨ੍ਹਾਂ ਤੋਂ ਖੋਹ ਲਈਆਂ ਹਨ। ਗੁਰੂ ਦਾ ਸੇਵਾਦਾਰ ਉਨ੍ਹਾਂ ਨੂੰ ਵੰਗਾਰਦਾ ਹੈ ਕਿ ਉਹ ਅਤਿਆਚਾਰ ਦੇ ਵਿਰੁੱਧ ਉਠਦੇ ਕਿਉਂ ਨਹੀਂ? ਉਹ ਕਾਇਰ ਕਿਉਂ ਨੇ? ਉਹਦੇ ਇਹ ਸ਼ਬਦ ਮੰਚ 'ਤੇ ਗੂੰਜਦੇ ਹਨ:

"ਸਾਡੀ ਭਾਰਤ-ਵਾਸੀਆਂ ਦੀ ਕਾਇਰਤਾ ਨੇ ਕੁਤਬਦੀਨ ਨੂੰ ਹੱਲਾਸ਼ੇਰੀ ਦਿੱਤੀ, ਖਿਲਜੀ ਵਰਗਿਆਂ ਨੇ ਸਾਡੇ ਰਾਜਿਆਂ ਦੀਆਂ ਪਤਨੀਆਂ ਨੂੰ ਆਪਣੇ ਮਹਿਲੀਂ ਪਾ ਲਿਆ... ਅਸੀਂ ਕਾਇਰ ਹੋਏ ਤਾਂ ਹੀ ਉਨ੍ਹਾਂ ਨੇ ਚਾਂਦੀ ਮੰਗੀ ਤਾਂ ਅਸੀਂ ਸੋਨਾ ਦਿੱਤਾ, ਜੇ ਉਨ੍ਹਾਂ ਨੇ ਸਾਡੇ ਮੂੰਹ ਵਿਚ ਥੁੱਕਣਾ ਚਾਹਿਆ ਤਾਂ ਅਸੀਂ ਮੂੰਹ ਅੱਡ ਦਿੱਤਾ... ਸੋ ਜੇ ਤੁਸੀਂ ਗੁਰੂ ਦੇ ਦਰਸ਼ਨ ਕਰਨਾ ਚਾਹੁੰਦੇ ਹੋ ਤਾਂ ਪਹਿਲਾਂ ਆਪਣੀ ਹੀਣਤਾ ਨੂੰ ਖਤਮ ਕਰੋ... "ਜੇ ਤਉ ਪ੍ਰੇਮ ਖੇਲਣ ਕਾ ਚਾਉ, ਸਿਰ ਧਰ ਤਲੀ ਗਲੀ ਮੋਰੀ ਆਉ।"

ਸਾਰਾ ਨਾਟਕ ਥਾਂ ਥਾਂ 'ਤੇ ਇਹ ਮੌਕੇ ਸਿਰਜਦਾ ਹੈ ਕਿ ਜ਼ਾਲਮ ਦੇ ਜ਼ੁਲਮ ਵਿਰੁੱਧ ਉਠਣ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ। ਨਾਟਕ ਦਾ ਅੰਤਲਾ ਦ੍ਰਿਸ਼ ਇਸ ਫਲਸਫੇ ਦਾ ਨਿਚੋੜ ਹੈ। ਰੰਜੀਤ ਨਾਂ ਦਾ ਇਕ ਨੌਂ ਦਸ ਸਾਲਾਂ ਦਾ ਬੱਚਾ, ਜਿਹੜਾ ਆਨੰਦਪੁਰ ਸਾਹਿਬ ਗੁਰੂ ਸਾਹਿਬ ਦੇ ਦਰਸ਼ਨ ਕਰ ਆਇਆ ਹੈ, ਉਹ ਤਲਵਾਰ ਲੈ ਕੇ ਅਤਿਆਚਾਰੀਆਂ ਦੇ ਖਿਲਾਫ ਉਠਦਾ ਹੈ, ਜੋ ਉਹਦੀ ਭੈਣ ਦੀ ਇੱਜ਼ਤ ਲੁੱਟਣਾ ਚਾਹੁੰਦੇ ਹਨ। ਇਸ ਤੋਂ ਪਹਿਲਾਂ ਉਹਦੀ ਆਪਣੀ ਮਾਂ ਨਾਲ ਇਕ ਬੜੀ ਹੀ ਭਾਵਪੂਰਤ ਵਾਰਤਾਲਾਪ ਹੁੰਦੀ ਹੈ:

ਪੁੱਤਰ: ਮਾਂ ਇਹ ਦੇਸ਼ ਰਿਸ਼ੀਆਂ ਮੁਨੀਆਂ ਦਾ ਦੇਸ਼ ਹੈ। ਫੇਰ ਅਸੀਂ ਕਮਜ਼ੋਰ ਕਿਉਂ?

ਮਾਂ: ਕਿਉਂਕਿ ਸਾਡੇ ਦੇਸ਼ ਵਿਚ ਸ਼ਕਤੀ ਨਹੀਂ।

ਪੁੱਤਰ: ਦੂਜੇ ਸ਼ਕਤੀ ਕਿਥੋਂ ਲੈਂਦੇ ਹਨ? ਅਸੀਂ ਵੀ ਲੈ ਲਈਏ।

ਮਾਂ: ਸ਼ਕਤੀ ਆਉਂਦੀ ਏ, ਇਕੱਠੇ ਹੋਣ ਤੇ ਬਾਹਵਾਂ ਤਕੜੀਆਂ ਕਰਨ ਵਿਚ।

ਪੁੱਤਰ: ਅਸੀਂ ਵੀ ਬਾਹਵਾਂ ਤਕੜੀਆਂ ਕਰ ਲਈਏ ਆਪਣੀਆਂ।

ਮਾਂ: ਨਿਰੀਆਂ ਬਾਹਵਾਂ ਵੀ ਕੁਝ ਨਹੀਂ ਸੁਆਰਦੀਆਂ, ਤੇਜ਼ ਤਲਵਾਰਾਂ ਫੜ ਕੇ ਆਪਾ ਵਾਰਨ ਦੇ ਚਾਅ ਨਾਲ ਸ਼ਕਤੀ ਆਉਂਦੀ ਹੈ।

ਪੁੱਤਰ: ਅਸੀਂ ਵੀ ਤਲਵਾਰਾਂ ਫੜ ਲਈਏ। ਸਾਨੂੰ ਨਹੀਂ ਬਾਜ਼ਾਰੋਂ ਲੱਭਦੀਆਂ?

ਮਾਂ: ਕਾਕਾ ਐਵੇਂ ਨਹੀਂ ਫੜੀਆਂ ਜਾਂਦੀਆਂ, ਅਸੀਂ ਕਮਜ਼ੋਰ ਹਾਂ।

ਪੁੱਤਰ: ਅਸੀਂ ਕਮਜ਼ੋਰ ਕਿਉਂ ਹਾਂ?

(ਮੇਰੇ ਕੋਲ ਜਵਾਬ ਨਹੀਂ, ਉਹ ਪੁੱਤਰ ਨੂੰ ਟਾਲਣਾ ਚਾਹੁੰਦੀ ਹੈ)

ਮਾਂ: ਦੱਸਦੀ ਹਾਂ, ਪਹਿਲਾਂ ਮੈਨੂੰ ਪੂਜਾ ਤਾਂ ਕਰ ਲੈਣ ਦੇ।

(ਤੇ ਪੁੱਤਰ ਨੂੰ ਸ਼ਾਇਦ ਇਸੇ ਵਿਚ ਆਪਣੇ ਸਵਾਲ ਦਾ ਜਵਾਬ ਮਿਲ ਗਿਆ ਹੈ)

ਪੁੱਤਰ: ਮਾਂ ਸਵੇਰ ਦੀ ਤੇਰੀ ਪੂਜਾ ਨਹੀਂ ਮੁੱਕੀ। ਮੇਰਾ ਖਿਆਲ ਹੈ ਕਿ ਅਸੀਂ ਪੂਜਾ ਕਰ ਕੇ ਹੀ ਕਮਜ਼ੋਰ ਹਾਂ... ਨਾ ਤੇਰੀ ਪੂਜਾ ਹੋਵੇ ਨਾ ਤੂੰ ਰੋਟੀਆਂ ਪਕਾਵੇਂ ਤੇ ਖਾਵੇਂ...।

ਫੇਰ ਨਾਟਕ ਅੱਗੇ ਤੁਰਦਾ ਹੈ।

ਪੁੱਤਰ: ਮਾਂ ਪਿਤਾ ਕਿਹਾ ਕਰਦੇ ਸਨ ਕਿ ਸਾਡੇ ਬਜ਼ੁਰਗ ਤਲਵਾਰ ਦੇ ਧਨੀ ਸਨ।

ਮਾਂ: ਹਾਂ ਸਨ। ਤਲਵਾਰ ਤਾਂ ਅਜੇ ਵੀ ਪਈ ਏ, ਪਰ ਬੁਰੀ ਤਰ੍ਹਾਂ ਜੰਗਾਲੀ ਹੋਈ ਏ।

ਪੁੱਤਰ: ਬੁਰੀ ਤਰ੍ਹਾਂ ਜੰਗਾਲੀ ਕਿਉਂ ਗਈ ਏ ਮਾਂ?

ਮਾਂ: ਕਾਕਾ ਜਿਹੜੀ ਚੀਜ਼ ਵਰਤੀ ਨਾ ਜਾਏ ਉਹ ਜੰਗਾਲੀ ਜਾਂਦੀ ਏ। ਜਿਹੜੀ ਧਰਤੀ ਵਾਹੀ ਨਾ ਜਾਏ ਉਹ ਬਾਂਝ ਹੋ ਜਾਂਦੀ ਹੈ।

ਪੁੱਤਰ: ਮਾਂ ਜੰਗਾਲ ਲਾਹਿਆ ਜਾ ਸਕਦਾ ਹੈ।

ਤੇ ਜਿਸ ਇਰਾਦੇ ਨਾਲ ਉਹ ਕਹਿੰਦਾ ਹੈ, ਉਸ ਤੋਂ ਸਾਫ ਹੈ ਕਿ ਸਮੇਂ ਦੀ ਜਵਾਨੀ ਇਰਾਦੇ ਨਾਲ ਹਰ ਔਕੜ ਦਾ ਮੁਕਾਬਲਾ ਕਰ ਸਕਦੀ ਹੈ।

ਤੇ ਨਾਟਕ ਵਿਚ ਇਹ ਕਾਰਜ ਹੀ, ਜਦੋਂ ਰੰਜੀਤ ਜ਼ੋਰ ਲਗਾ ਕੇ ਮੁਸ਼ਕਲ ਨਾਲ ਬਜ਼ੁਰਗਾਂ ਦੀ ਤਲਵਾਰ ਨੂੰ ਮਿਆਨ ਵਿਚੋਂ ਕੱਢਦਾ ਹੈ ਤੇ ਜ਼ਾਲਮਾਂ

8-9-1991 Part I



'ਸਭ ਕਿਛੁ ਹੋਤ ਉਪਾਇ' ਦਾ ਇਕ ਦ੍ਰਿਸ਼; ਸੁਖਦੇਵ ਸ਼ਰਮਾ, ਜਤਿੰਦਰ ਕੌਰ ਅਤੇ ਵੇਦ ਸ਼ਰਮਾ ਆਪੋ ਆਪਣੀ ਭੂਮਿਕਾ ਵਿਚ।

ਦਾ ਮੁਕਾਬਲਾ ਕਰਦਾ ਉਨ੍ਹਾਂ ਨੂੰ ਪਿੱਛੇ ਧਕੇਲਦਾ ਹੈ, ਨਾਟਕ ਦਾ ਅੰਤ ਹੈ। ਪਿੱਠ ਭੂਮੀ ਤੋਂ ਇਹ ਆਵਾਜ਼ ਉਚੀ ਹੁੰਦੀ ਹੈ:

ਬਲ ਹੋਆ ਬੰਧਨ ਛੁਟੈ, ਸਭ ਕਿਛੁ ਹੋਤ ਉਪਾਇ।

ਇਸ ਨਾਟਕ ਨੂੰ ਸਫਲ ਕਰਨ ਲਈ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਸਾਰੇ ਕਲਾਕਾਰਾਂ ਨੇ ਪੂਰੀ ਤਰ੍ਹਾਂ ਹਿੱਸਾ ਪਾਇਆ ਹੈ। ਪਰ ਦਿਲਾਵਰ ਖਾਨ ਦੇ ਰੂਪ ਵਿਚ ਸੁਖਦੇਵ ਸ਼ਰਮਾ ਨੇ ਬਹੁਤ ਸ਼ੁਹਰਤ ਖੱਟੀ ਹੈ। ਇਸ ਨਾਟਕ ਦੀ ਮਹੱਤਤਾ ਇਕ ਵਿਦਵਾਨ ਆਲੋਚਕ ਦੇ ਸ਼ਬਦਾਂ ਵਿਚ ਇਸ ਤਰ੍ਹਾਂ ਹੈ: ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਸਿਧਾਂਤ ਇਹ ਹੈ ਕਿ ਤਾਕਤ ਅਤੇ ਇਰਾਦੇ ਨਾਲ ਹਰ ਮੁਸ਼ਕਿਲ ਦਾ ਹੱਲ ਲੱਭਿਆ ਜਾ ਸਕਦਾ ਹੈ ਜਾਂ ਜਦੋਂ ਸਾਰੇ ਹੀਲੇ ਮੁੱਕ ਜਾਣ ਤਾਂ ਜ਼ੁਲਮ ਦੇ ਖਿਲਾਫ ਤਲਵਾਰ ਚੁੱਕਣੀ ਹੀ ਪੈਂਦੀ ਹੈ। ਜਿਹੜੇ ਸਿਧਾਂਤਾਂ ਦਾ ਪ੍ਰਚਾਰ ਚਾਰ ਪੰਜ ਸੌ ਕਿਤਾਬਾਂ ਨਹੀਂ ਕਰ ਸਕੀਆਂ, ਉਹ ਇਸ ਨਾਟਕ ਦੇ ਇਕ ਦੋ ਘੰਟੇ ਦੀ ਇਕੋ ਬੈਠਕ ਵਿਚ ਅਮਲੀ ਢੰਗ ਨਾਲ ਸਾਕਾਰ ਕਰ ਕੇ ਪੰਜ ਹਜ਼ਾਰ ਦਰਸ਼ਕਾਂ ਦੇ ਮਨਾਂ ਵਿਚ ਉਕਰ ਦਿੱਤੇ ਹਨ। ਪੰਜਾਬੀ ਨਾਟਕ ਇਤਿਹਾਸ ਵਿਚ ਇਸ ਨਾਟਕ ਦੀ ਇਕ ਵਿਸ਼ੇਸ਼ ਥਾਂ ਰਹੇਗੀ।

**ਪਿੱਛੋਂ ਲਿਖਿਆ ਨੋਟ:** ਮੈਂ ਇਹ ਨਾਟਕ 1967 ਵਿਚ ਖੇਡਿਆ। ਉਸ ਵੇਲੇ ਨਕਸਲਬਾੜੀ ਬਗਾਵਤ ਭਾਰਤ ਦੇ ਇਕ ਹਿੱਸੇ ਵਿਚ ਸ਼ੁਰੂ ਹੋ ਚੁੱਕੀ ਸੀ। ਸਦੀਆਂ ਤੋਂ ਦੱਬੇ ਕੁਚਲੇ ਲੋਕਾਂ ਨੇ ਹੱਕਾਂ ਦੀ ਖਾਤਰ ਹਥਿਆਰ ਚੁੱਕ ਲਏ ਸਨ। ਸਮਾਜਕ ਨਿਆਂ ਲਈ ਇਸ ਉਠੀ ਬਗਾਵਤ ਤੋਂ ਮੈਂ ਪੂਰੀ ਤਰ੍ਹਾਂ ਪ੍ਰਭਾਵਤ ਸਾਂ। ਇਸੇ ਲਈ ਉਸ ਨਾਟਕ ਵਿਚ ਜਦੋਂ ਮੈਂ ਗੁਰੂ ਦੇ ਸੇਵਾਦਾਰ ਸਿੰਘ ਦਾ ਪਾਤਰ ਨਿਭਾਉਂਦਾ ਹੋਇਆ ਕੋਈ ਵੀ ਵਾਰਤਾਲਾਪ ਬੋਲਦਾ ਸਾਂ ਤਾਂ ਮੇਰੇ ਸਾਹਮਣੇ ਭਾਰਤ ਦੀ ਉਸ ਵੇਲੇ ਦੀ ਸੰਥਿਤੀ ਸੀ। 25 ਸਾਲਾਂ ਦੇ ਬਾਅਦ ਵੀ ਮੈਂ ਇਸ ਫਲਸਫੇ ਦਾ ਪੂਰੀ ਤਰ੍ਹਾਂ ਕਾਇਲ ਹਾਂ ਕਿ ਜ਼ੁਲਮ ਦੇ ਖਿਲਾਫ ਹਥਿਆਰਬੰਦ ਬਗਾਵਤ ਹੀ ਇਕੋ ਇਕ ਉਪਾਏ ਹੈ। ਪਰ ਜਿਹੜੇ ਹਥਿਆਰ ਚੁੱਕਣ, ਉਹ ਲੋਕ-ਹਿਤਾਂ ਦੇ ਪੂਰੀ ਤਰ੍ਹਾਂ ਮੁਦਈ ਹੋਣ। ਲੁਟੇਰੇ ਬਣ ਕੇ ਨਿਹੱਥਿਆਂ 'ਤੇ ਜ਼ੁਲਮ ਕਰਨਾ ਹਥਿਆਰਾਂ ਦੀ ਨਿਰਾਦਰੀ ਹੈ। ਅੱਜ ਹਰ ਸੂਝਵਾਨ ਬੰਦੇ ਦਾ ਫਰਜ਼ ਹੈ ਕਿ ਉਹ 'ਬਲ ਛੁਟਕਿਓ ਬੰਧਨ ਪਰੇ, ਕਛੁ ਨਾ ਹੋਤ ਉਪਾਇ' ਵਾਲੀ ਅਵਸਥਾਂ ਤੋਂ ਬਾਹਰ ਆ ਕੇ 'ਬਲ ਹੂਆ ਬੰਧਨ ਛੂਟੈ, ਸਭ ਕਿਛੁ ਹੋਤ ਉਪਾਇ' ਵਾਲੀ ਅਵਸਥਾ ਵਿਚ ਆਏ। ਇਹ ਸਮੇਂ ਦੀ ਲੋੜ ਹੈ।

8-9-1991 Part II